# ਅੰਤਲੀ ਸ਼ਾਮ ਦਾ ਭੋਜਨ

ਬੋਘਾ ਨਾਂ ਦਾ ਕਰਮਚਾਰੀ ਜਿਹੜਾ ਜੇਲ੍ਹ ਵਿੱਚ ਭਗਤ ਸਿੰਘ ਦਾ ਪਖ਼ਾਨਾ ਸਾਫ ਕਰਦਾ ਸੀ, ਉਸ ਨੂੰ ਭਗਤ ਸਿੰਘ ਪਿਆਰ ਨਾਲ 'ਬੇਬੇ' ਕਿਹਾ ਕਰਦਾ ਸੀ, ਕਿਉਂਕਿ ਇਹ ਉਸ ਦੀ ਜੇਲ੍ਹ ਵਿਚਲੀ ਬੇਬੇ ਸੀ ਜੋ ਉਸ ਦੀ ਉਵੇਂ ਹੀ ਸਾਫ਼-ਸਫ਼ਾਈ ਕਰਦਾ ਸੀ, ਜਿਵੇਂ ਬੱਚਪਨ ਵਿੱਚ ਉਸ ਦੀ ਆਪਣੀ ਬੇਬੇ ਕਰਿਆ ਕਰਦੀ ਸੀ।

ਜੇਲ੍ਹ ਦੀ ਰਵਾਇਤ ਅਨੁਸਾਰ ਜੇਲ੍ਹਰ ਨੇ 23 ਮਾਰਚ ਸਵੇਰੇ ਭਗਤ ਸਿੰਘ ਨੂੰ ਪੁਛਿਆ ਕਿ ਉਹ ਆਪਣੇ ਅੰਤਲੇ ਭੋਜਨ ਵਿੱਚ ਕੀ ਖਾਣਾ ਚਾਹੇਗਾ ਤਾਂ ਭਗਤ ਸਿੰਘ ਨੇ ਕਿਹਾ, "ਮੈਂ ਬੇਬੇ ਦੇ ਹੱਥ ਦੀ ਰੋਟੀ ਖਾਂਵਾਗਾ।" ਜੇਲ੍ਹਰ ਨੇ ਕਿਹਾ, "ਮੈਂ ਹੁੰਨੇ ਤੁਹਾਡੇ ਘਰ ਬੰਦਾ ਭੇਜਣਾਂ", ਤਾਂ ਭਗਤ ਸਿੰਘ ਨੇ ਫੌਰਨ ਕਿਹਾ, "ਬੰਦਾ ਭੇਜਣ ਦੀ ਲੋੜ ਨਹੀਂ, ਮੇਰੀ ਬੇਬੇ ਇਥੇ ਜੇਲ੍ਹ ਵਿੱਚ ਹੀ ਹੈ।" "ਕਿਵੇਂ? ਕਿਥੇ?" ਜੇਲ੍ਹਰ ਨੇ ਪੁੱਛਿਆ ਤਾਂ ਫਿਰ ਭਗਤ ਸਿੰਘ ਨੇ ਜੇਲ੍ਹਰ ਨੂੰ ਸਾਰੀ ਗੱਲ ਖੋਲ੍ਹ ਕੇ ਸਮਝਾਈ।

ਬੋਘੇ ਨੂੰ ਫਾਂਸੀ ਦੀਆਂ ਕੋਠੀਆਂ ਵਿੱਚ ਬੁਲਾਇਆ ਗਿਆ: ਬੋਘੇ ਨੂੰ ਸਮਝ ਨਹੀਂ ਸੀ ਆ ਰਹੀ ਕਿ ਉਸ ਦੀ ਕਿਸ ਕੰਮ ਲਈ ਅਚਾਨਕ ਲੋੜ ਪੈ ਗਈ।

ਇਹ ਪ੍ਰਸੰਗ **ਦੇਵਿਦਰ ਦਮਨ** ਨੇ ਆਪਣੇ ਪ੍ਰਸਿੱਧ ਪੰਜਾਬੀ ਨਾਟਕ 'ਛਿੱਪਣ ਤੋਂ ਪਹਿਲਾਂ' ਵਿੱਚ ਬੜੀ ਸੂਖਮਤਾ ਨਾਲ ਪੇਸ਼ ਕੀਤਾ ਹੋਇਆ ਹੈ:—

ਬੋਘਾ: ਮੇਰੇ ਧੰਨ ਭਾਗ ਨੇ ਜੋ ਨਿਤ ਦਿਹਾੜੇ ਤੇਰੇ ਦਰਸ਼ਨ ਹੁੰਦੇ ਰਹੇ। ਬੰਦਾ ਤਾਂ ਮੈਂ ਗਰੀਬੜਾ ਜਿਹਾਂ, ਪਰ ਮੇਰੇ ਲੈਕ ਕੋਈ ਸੇਵਾ ਹੋਵੇ ਤਾਂ ਦੱਸ।

ਭਗਤ ਸਿੰਘ: ਸੇਵਾ ਤਾਂ ਹੈ ਬੇਬੇ ਜੇ ਮੰਨੇ ਤਾਂ।

ਬੋਘਾ: ਤੂੰ ਮੂੰਹੋਂ ਤਾਂ ਫੁੱਟ, ਮੇਰੇ ਕਰਨ ਦੀ ਹੋਵੇ, ਮੇਰੇ ਵੱਸ ਦੀ।

ਭਗਤ ਸਿੰਘ: ਹੈ ਤੇਰੇ ਵੱਸ ਵਿਚ, ਪਰ ਗੱਲ ਤਾਂ ਬਣਨੀ ਹੈ ਜੇ ਪਹਿਲੀ ਵਾਰ ਹਾਂ ਕਰ ਦੇਵੇ।

ਬੋਘਾ: ਤੂੰ ਮੂਹੋਂ ਤਾਂ ਬੋਲ।

ਭਗਤ ਸਿੰਘ: ਆਪਣੇ ਹੱਥਾਂ ਦੀ ਪਕੀ ਹੋਈ ਖੁਆ ਦੇ ਬੇਬੇ!

ਬੋਘਾ: (ਦੋ ਚਿਤੀ ਵਿੱਚ ਉਸ ਵੱਲ ਵੇਖਦਾ ਹੀ ਰਹਿ ਜਾਂਦਾ ਹੈ ਤੇ ਫਿਰ ਹਾਂ ਵਿੱਚ ਸਿਰ ਹਿਲਾਉਂਦਾ ਹੈ - ਫਿਰ ਟੋਕਰੀ ਤੇ ਝਾੜੂ ਚੁੱਕ ਲੈਂਦਾ ਹੈ। ਕੋਠੀ ਦੇ ਬੂਹੇ ਤੀਕ ਜਾਂਦਾ ਹੈ। ਰੁਕਦਾ ਹੈ ਫਿਰ ਮੁੜਕੇ ਭਗਤ ਸਿੰਘ ਵੱਲ ਵੇਖਦਾ ਹੈ।) ਅੱਜ ਸ਼ਾਮੀਂ ਜਦੋਂ ਡਿਊਟੀ ਤੇ ਆਵਾਂਗਾ ਪਕਾ ਕੇ ਲਿਆਵਾਂਗਾ। (ਅੱਖਾਂ ਪੂੰਝਦਾ ਟੁਰ ਜਾਂਦਾ ਹੈ ਅਤੇ ਭਗਤ ਸਿੰਘ ਉਸ ਵੱਲ ਦੇਖ ਕੇ ਮੁਸਕਰਾਉਂਦਾ ਹੈ)

ਬੋਘੇ ਨੂੰ ਯਕੀਨ ਸੀ ਕਿ 23 ਮਾਰਚ ਦੀ ਸ਼ਾਮ ਨੂੰ ਉਹ ਭਗਤ ਸਿੰਘ ਦੀ ਆਖ਼ਰੀ ਖ਼ਾਹਿਸ਼ ਪੂਰੀ ਕਰੇਗਾ। ਉਸ ਨੂੰ ਪਤਾ ਸੀ ਕਿ ਉਹ ਭਗਤ ਸਿੰਘ ਦੀ ਅਖ਼ੀਰਲੀ ਸ਼ਾਮ ਸੀ ਕਿਉਂਕਿ ਫਾਂਸੀ ਅਕਸਰ ਤੜਕੇ ਸਵੇਰੇ ਲਾਈ ਜਾਂਦੀ ਸੀ ਅਤੇ ਬੋਘੇ ਨੇ ਵੀ ਕਿਆਸਿਆ ਸੀ ਕਿ ਭਗਤ ਸਿੰਘ ਨੂੰ 24 ਮਾਰਚ ਨੂੰ ਸਵੇਰੇ ਹੀ ਫਾਂਸੀ ਲਾਇਆ ਜਾਏਗਾ।

ਜਦੋਂ ਬੋਘਾ ਸ਼ਾਮੀਂ ਫਾਂਸੀ ਦੀਆਂ ਕੋਠੀਆਂ ਵਿੱਚ ਉਹਦੇ ਲਈ ਰੋਟੀ ਲੈ ਕੇ ਪਹੁੰਚਿਆ ਤਾਂ ਜੇਲ੍ਹ ਅਧਿਕਾਰੀਆਂ ਨੇ ਜੇਲ੍ਹ ਵਿਚਲੇ ਸਾਰੇ ਕੈਦੀਆਂ ਨੂੰ ਸੱਤ ਵਜੇ ਤੋਂ ਪਹਿਲਾਂ ਹੀ ਆਪਣੀਆਂ-ਆਪਣੀਆਂ ਬਾਰਕਾਂ ਵਿੱਚ ਬੰਦ ਕਰਕੇ ਤਾਲੇ ਲਾ ਦਿੱਤੇ ਹੋਏ ਸਨ। ਕਿਸੇ ਨੂੰ ਵੀ ਕਾਰਨ ਸਮਝਣ ਵਿੱਚ ਖ਼ਾਸ ਦੇਰ ਨਹੀਂ ਸੀ ਲਗੀ। ਕੁੱਝ ਚਿਰ ਮਗਰੋਂ ਫਾਂਸੀ ਵਾਲੀਆਂ ਕੋਠੜੀਆਂ ਵੱਲੋਂ 'ਇਨਕਲਾਬ ਜ਼ਿੰਦਾਬਾਦ', 'ਸਾਮਰਾਜਵਾਦ ਮੁਰਦਾਬਾਦ' ਦੇ ਨਾਅਰੇ ਗੂੰਜਣ ਲੱਗ ਪਏ ਸਨ। ਫਿਰ ਸਮੁੱਚੀ ਜੇਲ੍ਹ ਦੇ ਸਾਰੇ ਕੈਦੀ ਇਹ ਨਾਅਰੇ ਲਾਉਣ ਲੱਗ ਪਏ ਸਨ। ਜੇਲ੍ਹ 'ਚ 'ਇਨਕਲਾਬ ਜ਼ਿੰਦਾਬਾਦ' ਦਾ ਨਾਅਰਾ ਗੂੰਜ ਰਿਹਾ ਸੀ, ਜਿਹੜਾ ਜੇਲ੍ਹ ਤੋਂ ਬਾਹਰਲਿਆਂ ਨੂੰ ਵੀ ਸੁਣਾਈ ਦੇ ਰਿਹਾ ਸੀ; ਸਭ ਪਾਸੇ ਸੋਗ ਪਸਰ ਰਿਹਾ ਸੀ।

(ਭਗਤ ਸਿੰਘ ਨਾਅਰੇ ਮਾਰਦਾ ਬਾਹਰ ਨਿਕਲ ਜਾਂਦਾ ਹੈ ਅਤੇ ਕੁੱਝ ਕੁ ਪਿਛੋਂ ਭੰਗੀ ਕੋਠੜੀ ਵਿੱਚ ਦਾਖ਼ਿਲ ਹੁੰਦਾ ਹੈ; ਉਸਦੇ ਹੱਥ ਵਿੱਚ ਕਪੜੇ ਹੇਠ ਢਕੀਆਂ ਹੋਈਆਂ ਰੋਟੀਆਂ ਹਨ। ਇੱਕ ਵਾਰਡਰ ਅੰਦਰ ਵੜਦਾ ਹੈ):—

ਵਾਰਡਰ: ਉਏ ਤੂੰ ਏਥੇ ਕੀ ਭਾਲਦੈਂ? ਚਲ ਬਾਹਰ ਨਿਕਲ ਮੈਂ ਕੋਠੜੀ ਨੂੰ ਤਾਲਾ ਮਾਰਨੈ।

ਬੋਘਾ (ਵਾਰਡਨ ਵੱਲ ਵੇਖਦਾ ਹੋਇਆ) — ਉਹ ਕਿਥੇ ਗਿਐ?

ਵਾਰਡਰ (ਉਦਾਸ ਹੋ ਕੇ): ਤੂੰ ਬਹੁਤ ਦੇਰ ਕਰ ਦਿੱਤੀ ਹੈ ਬੋਘਿਆ ਉਹ ਤਾਂ ਕਦੋਂ ਦਾ ਜਾ ਚੁਕਿਐ।

ਬੋਘਾ ਉਦਾਸ ਹੋ ਜਾਂਦਾ ਹੈ, (ਗੀਤ ਉਭਰਦਾ ਹੈ)

ਤੂੰ ਤਾਂ ਕਹਿ ਗਿਆ, ਸਾਡੀ ਵੀ ਸੁਣ ਜਾਂਦਾ,
ਵਡਿਆਂ ਮਿਜ਼ਾਜਾਂ ਵਾਲਿਆਂ, ਤੂੰ ਤਾਂ ਕਹਿ ਗਿਆ।
ਕਦੋਂ ਲਾਈ ਤੇ ਕਦੋਂ ਤੂੰ ਨਿਭਾਈ,
ਕੇਹੀ ਤੇਰੀ ਯਾਰੀ ਮਿੱਤਰਾ, ਉਏ ਮਾਰ ਸੁਟਿਆ।

(ਬੋਘਾ ਭੁਬਾਂ ਮਾਰ ਕੇ ਰੋਂਦਾ ਹੈ ਅਤੇ ਫ਼ਰਸ਼ ਤੇ ਬੈਠ ਜਾਂਦਾ ਹੈ...)

ਮਲਵਿੰਦਰ ਜੀਤ ਸਿੰਘ ਵੜੈਚ
ਪਿੰਡ ਤੇ ਡਾਕਘਰ ਸਕੇਤੜੀ, ਜ਼ਿਲ੍ਹਾ ਪੰਚਕੁਲਾ 134109
ਫੋਨ: 0172-2556314
ਈਮੇਲ: mjswaraich29@gmail.com